Australian Government

COVID-19 VACCINATION

# COVID-19 ਵੈਕਸੀਨਾਂ: ਆਮ ਸਵਾਲ

ਇਹ ਜਾਣਕਾਰੀ 13 ਅਕਤੂਬਰ 2021 ਤਾਰੀਖ਼ ਤੱਕ ਸਹੀ ਹੈ।

## ਮੈਨੂੰ COVID-19 ਦੀ ਵੈਕਸੀਨ ਕਿਉਂ ਲਗਵਾਉਣੀ ਚਾਹੀਦੀ ਹੈ?

COVID-19 ਇੱਕ ਬਹੁਤ ਗੰਭੀਰ ਬਿਮਾਰੀ ਹੋ ਸਕਦੀ ਹੈ। ਇਹ ਸਾਡੇ ਸਮਾਜ ਦੇ ਕਮਜ਼ੋਰ ਲੋਕਾਂ ਲਈ ਖ਼ਾਸ ਤੌਰ 'ਤੇ ਖਤਰਨਾਕ ਹੈ। ਟੀਕਾ ਲਗਵਾਉਣਾ ਆਪਣੇ-ਆਪ ਨੂੰ ਅਤੇ ਆਪਣੇ ਭਾਈਚਾਰੇ ਨੂੰ ਬਹੁਤ ਜ਼ਿਆਦਾ ਬਿਮਾਰ ਹੋਣ ਜਾਂ COVID-19 ਨਾਲ ਮਰਨ ਤੋਂ ਬਚਾਉਣ ਦਾ ਸਭ ਤੋਂ ਵਧੀਆ ਢੰਗ ਹੈ।

ਮੁਢਲੇ ਸਬੂਤ ਦਿਖਾਉਂਦੇ ਹਨ ਕਿ COVID-19 ਵੈਕਸੀਨ ਦੇ ਟੀਕੇ, ਵਾਇਰਸ ਦੇ ਫ਼ੈਲਾਅ ਨੂੰ ਘਟਾਉਣ ਵਿੱਚ ਸਹਾਇਤਾ ਕਰਦੇ ਹਨ। ਟੀਕਾ ਲਗਵਾ ਕੇ, ਅਸੀਂ ਵਾਇਰਸ ਦੇ ਫ਼ੈਲਾਅ ਨੂੰ ਹੌਲੀ ਕਰ ਸਕਦੇ ਹਾਂ।

COVID-19 ਨੇ ਸਾਡੇ ਰਹਿਣ-ਸਹਿਣ ਦੇ ਢੰਗ ਨੂੰ ਬਦਲ ਦਿੱਤਾ ਹੈ। ਜਦੋਂ ਵਧੇਰੇ ਲੋਕਾਂ ਨੂੰ ਟੀਕਾ ਲੱਗ ਜਾਵੇਗਾ, ਤਾਂ COVID-19 ਦੀ ਲਾਗ ਦੇ ਫੈਲਣ ਦੀ ਸੰਭਾਵਨਾ ਘੱਟ ਹੈ।

## COVID-19 ਵੈਕਸੀਨ ਦੇ ਟੀਕੇ ਕਿਵੇਂ ਕੰਮ ਕਰਦੇ ਹਨ?

COVID-19 ਵੈਕਸੀਨ ਦੇ ਟੀਕੇ ਹੋਰ ਟੀਕਿਆਂ ਵਾਂਗ ਹੀ ਕੰਮ ਕਰਦੇ ਹਨ। ਵੈਕਸੀਨਾਂ ਕਿਸੇ ਵਿਅਕਤੀ ਦੇ ਸਰੀਰ ਨੂੰ ਉਨ੍ਹਾਂ ਵਾਇਰਸਾਂ ਨੂੰ ਪਛਾਣਨ ਅਤੇ ਉਨ੍ਹਾਂ ਨਾਲ ਲੜਨ ਲਈ ਸਿਖਲਾਈ ਦੇਣ ਵਿੱਚ ਸਹਾਇਤਾ ਕਰਦੀਆਂ ਹਨ, ਜੋ ਬਿਮਾਰੀ ਦਾ ਕਾਰਨ ਬਣ ਸਕਦੇ ਹਨ, ਤੁਹਾਨੂੰ ਇਹ ਬਿਮਾਰੀ ਨੂੰ ਬਿਨ੍ਹਾਂ ਦਿੱਤੇ ਹੋਏ। COVID-19 ਵੈਕਸੀਨ ਦਾ ਟੀਕਾ ਸਰੀਰ ਨੂੰ ਉਸ ਵਾਇਰਸ ਦੀ ਪਛਾਣ ਕਰਨ ਅਤੇ ਨਾਲ ਲੜਨ ਵਿੱਚ ਸਹਾਇਤਾ ਕਰਦਾ ਹੈ ਜੋ COVID-19 ਦਾ ਕਾਰਨ ਬਣਦਾ ਹੈ।

## ਕੀ COVID-19 ਵੈਕਸੀਨਾਂ ਸੁਰੱਖਿਅਤ ਹਨ?

ਥਰੈਪਿਊਟਿਕ ਗੁਡਜ਼ ਐਡਮਿਨਿਸਟਰੇਸ਼ਨ (TGA) ਵਿੱਚ ਉਹ ਵਿਗਿਆਨੀ ਅਤੇ ਡਾਕਟਰੀ ਮਾਹਰ ਹਨ, ਜੋ ਆਸਟ੍ਰੇਲੀਆ ਵਿੱਚ ਵਰਤਣ ਵਾਸਤੇ ਸਾਰੇ ਵੈਕਸੀਨਾਂ, ਦਵਾਈਆਂ, ਅਤੇ ਹੋਰ ਡਾਕਟਰੀ ਉਤਪਾਦਾਂ ਨੂੰ ਨਿਯਮਿਤ ਅਤੇ ਮਨਜ਼ੂਰ ਕਰਦੇ ਹਨ। ਆਸਟ੍ਰੇਲੀਆ ਵਿੱਚ ਵਰਤਣ ਵਾਸਤੇ ਇਹਨਾਂ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ TGA ਸਾਰੇ COVID-19 ਟੀਕਿਆਂ ਦੀ ਗੁਣਵੱਤਾ, ਸੁਰੱਖਿਆ ਅਤੇ ਪ੍ਰਭਾਵੀ ਹੋਣ ਵਾਸਤੇ ਜਾਂਚ ਕਰਦੀ ਹੈ। ਆਸਟ੍ਰੇਲੀਆ ਵਿੱਚ ਇਹ ਉਹੀ ਪ੍ਰਕਿਰਿਆ ਹੈ ਜਿਸ ਵਿੱਚੋਂ ਸਾਰੀਆਂ ਵੈਕਸੀਨਾਂ ਲੰਘਦੀਆਂ ਹਨ।

TGA ਦੇ ਡਾਕਟਰੀ ਮਾਹਰ ਇਹ ਯਕੀਨੀ ਬਨਾਉਣ ਲਈ ਲਗਾਤਾਰ ਸਾਰੀਆਂ ਵੈਕਸੀਨਾਂ ਦੀ ਜਾਂਚ ਕਰਦੇ ਹਨ, ਕਿ ਉਹ ਸੁਰੱਖਿਅਤ ਹਨ। ਵੈਕਸੀਨਾਂ ਨੂੰ ਕੇਵਲ ਸਿਰਫ ਮੁਲਾਂਕਣ ਅਤੇ ਮਨਜ਼ੂਰ ਕੀਤੇ ਜਾਣ ਅਤੇ ਇਹ ਵਿਖਾਉਣ 'ਤੇ ਕਿ ਇਸ ਵੈਕਸੀਨ ਦੇ ਲਾਭ ਕਿਸੇ ਵੀ ਖਤਰੇ ਤੋਂ ਕਿਤੇ ਵੱਧ ਹਨ, ਇਹਨਾਂ ਨੂੰ ਆਸਟ੍ਰੇਲੀਆ ਵਿੱਚ ਵਰਤੋਂ ਲਈ ਮਨਜ਼ੂਰ ਕੀਤਾ ਜਾਂਦਾ ਹੈ।

## ਕੀ COVID-19 ਵੈਕਸੀਨਾਂ ਨੂੰ ਬਹੁਤ ਜਲਦੀ ਵਿਕਸਤ ਕੀਤਾ ਗਿਆ ਹੈ?

COVID-19 ਵੈਕਸੀਨਾਂ ਨੂੰ ਸੁਰੱਖਿਅਤ ਅਤੇ ਅਸਰਦਾਰ ਬਨਾਉਣ ਲਈ ਵਿਕਸਤ ਕੀਤਾ ਗਿਆ ਸੀ। ਅਜਿਹਾ ਲੱਗ ਸਕਦਾ ਹੈ ਕਿ ਇਹਨਾਂ ਦਾ ਵਿਕਾਸ ਤੇਜ਼ੀ ਨਾਲ ਹੋਇਆ ਹੈ, ਪਰ ਵਿਸ਼ਵ ਭਰ ਦੇ ਖੋਜਕਾਰ ਮਹਾਂਮਾਰੀ ਦੇ ਸ਼ੁਰੂ ਤੋਂ ਹੀ COVID-19 ਵੈਕਸੀਨਾਂ ਨੂੰ ਵਿਕਸਤ ਕਰਨ ਲਈ ਮਿਲਕੇ ਸਖ਼ਤ ਮਿਹਨਤ ਕਰ ਰਹੇ ਹਨ। ਹੋਰ ਕਿਸਮ ਦੇ ਟੀਕਿਆਂ ਲਈ ਵੀ ਇਹੀ ਪ੍ਰਕਿਰਿਆ ਅਪਣਾਈ ਗਈ ਹੈ, ਅਤੇ ਕੋਈ ਕਦਮ ਚੁੱਕਣੋਂ ਨਹੀਂ ਛੱਡਿਆ ਗਿਆ ਹੈ।

ਸੁਰੱਖਿਅਤ ਅਤੇ ਅਸਰਦਾਰ COVID-19 ਵੈਕਸੀਨਾਂ ਨੂੰ ਇਹਨਾਂ ਚੀਜ਼ਾਂ ਦੇ ਕਰਕੇ ਤੇਜ਼ੀ ਨਾਲ ਵਿਕਸਤ ਕੀਤਾ ਗਿਆ ਸੀ:

- ਖੋਜ ਅਤੇ ਨਿਰਮਾਣ ਵਿੱਚ ਨਿਵੇਸ਼ ਕੀਤੇ ਗਏ ਫੰਡਾਂ ਦੀ ਵੱਡੀ ਮਾਤਰਾ
- ਵਿਕਾਸ ਨੂੰ ਤੇਜ਼ ਕਰਨ ਲਈ ਨਵੀਂ ਤਕਨੀਕ ਦੀ ਉਪਲਬਧਤਾ
- ਸੰਸਾਰ ਭਰ ਦੇ ਖੋਜਕਾਰ, ਵਿਗਿਆਨੀ ਅਤੇ ਨਿਰਮਾਤਾ ਰਲ ਮਿਲ ਕੇ ਕੰਮ ਕਰਦੇ ਹਨ
- ਕਲੀਨਿਕੀ ਪਰਖਾਂ ਅਤੇ ਪ੍ਰਵਾਨਗੀ ਪ੍ਰਕਿਰਿਆ ਦੇ ਕੁਝ ਪੜਾਅ ਇਕ ਤੋਂ ਬਾਅਦ ਇਕ ਦੀ ਬਜਾਏ ਇਕੋ ਸਮੇਂ ਇਕੱਠੇ ਕੀਤੇ ਗਏ।

ਇਸ ਨਾਲ ਸਾਨੂੰ ਜਿੰਨੀ ਛੇਤੀ ਸੰਭਵ ਸੀ ਉਨ੍ਹੀ ਛੇਤੀ ਹੀ ਟੀਕਿਆਂ ਤੱਕ ਪਹੁੰਚ ਮਿਲੀ।

## COVID-19 ਵੈਕਸੀਨਾਂ ਸਾਡੀ ਸੁਰੱਖਿਆ ਕਿਵੇਂ ਕਰਦੀਆਂ ਹਨ?

COVID-19 ਵੈਕਸੀਨਾਂ ਤੁਹਾਡੇ ਸਰੀਰ ਨੂੰ ਵਾਇਰਸ ਦੀ ਪਛਾਣ ਕਰਨ ਅਤੇ ਇਸ ਨਾਲ ਲੜਨਾ ਸਿਖਾਉਂਦੀਆਂ ਹਨ, ਜੋ COVID-19 ਦਾ ਕਾਰਨ ਬਣਦਾ ਹੈ। ਇਹਨਾਂ ਵਿੱਚ COVID-19 ਨਹੀਂ ਹੈ। ਤੁਸੀਂ ਵੈਕਸੀਨ ਲਗਵਾਉਣ ਨਾਲ COVID-19 ਤੋਂ ਗ੍ਰਸਤ ਨਹੀਂ ਹੋ ਸਕਦੇ। ਬਿਨਾਂ ਕਿਸੇ ਬਿਮਾਰੀ ਦਾ ਕਾਰਨ ਬਣਨ ਤੋਂ, ਵੈਕਸੀਨਾਂ ਸਰੀਰ ਵਿੱਚ ਇਸ ਨੂੰ ਵਾਇਰਸ ਦੇ ਖਿਲਾਫ ਸੁਰੱਖਿਆ ਬਨਾਉਣ ਦਾ ਇਕ ਸੁਰੱਖਿਅਤ ਤਰੀਕਾ ਹਨ।

ਆਸਟ੍ਰੇਲੀਆ ਵਿੱਚ ਵਰਤੋਂ ਲਈ ਮਨਜ਼ੂਰਸ਼ੁਦਾ COVID-19 ਟੀਕੇ ਗੰਭੀਰ ਬੀਮਾਰੀ, ਹਸਪਤਾਲ ਜਾਣ ਅਤੇ ਮੌਤ ਤੋਂ ਬਚਾਉਣ ਵਿੱਚ ਬਹੁਤ ਵਧੀਆ ਸਾਬਤ ਹੋਏ ਹਨ।

ਤੁਸੀਂ COVID-19 ਵੈਕਸੀਨਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰ ਸਕਦੇ ਹੋ, ਅਤੇ ਪੁੱਛ ਸਕਦੇ ਹੋ ਕਿ ਟੀਕਾਕਰਨ, ਭਾਈਚਾਰੇ ਨੂੰ ਸੁਰੱਖਿਅਤ ਅਤੇ ਸਿਹਤਮੰਦ ਰੱਖਣ ਦਾ ਇਕ ਮਹੱਤਵਪੂਰਣ ਹਿੱਸਾ ਕਿਉਂ ਹੈ।

## COVID-19 ਵੈਕਸੀਨਾਂ ਤੋਂ ਮੈਨੂੰ ਕਿਹੜੇ ਅਣਚਾਹੇ ਅਸਰਾਂ ਦੀ ਉਮੀਦ ਕਰਨੀ ਚਾਹੀਦੀ ਹੈ?

ਸਾਰੀਆਂ ਵੈਕਸੀਨਾਂ ਦੇ ਕੁਝ ਅਣਚਾਹੇ ਅਸਰ ਹੋ ਸਕਦੇ ਹਨ। ਇਹ ਅਣਚਾਹੇ ਅਸਰ ਆਮ ਤੌਰ ਉੱਤੇ ਹਲਕੇ ਹੁੰਦੇ ਹਨ, ਅਤੇ ਕੇਵਲ ਕੁਝ ਦਿਨਾਂ ਲਈ ਹੀ ਚੱਲਦੇ ਹਨ।

ਅਣਚਾਹੇ ਅਸਰਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਟੀਕੇ ਦੇ ਬਾਅਦ ਬਾਂਹ ਦੁਖਦੀ ਹੈ
- ਬੁਖ਼ਾਰ

- ਮਾਸਪੇਸ਼ੀਆਂ ਵਿੱਚ ਦਰਦ
- ਸਿਰ ਦਰਦ।

ਜੇ ਤੁਹਾਡੇ ਟੀਕਾਕਰਨ ਦੇ ਬਾਅਦ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਆਪਣੇ ਟੀਕਾਕਰਨ ਕਰਨ ਵਾਲੇ ਕਲੀਨਿਕ ਜਾਂ ਡਾਕਟਰ ਨਾਲ ਸੰਪਰਕ ਕਰੋ।

ਵੈਕਸਜ਼ੇਵਰੀਆ (ਐਸਟਰਾਜ਼ੈਨੇਕਾ) ਵੈਕਸੀਨ ਅਤੇ ਇਕ ਬਹੁਤ ਦੁਰਲੱਭ ਅਵਸਥਾ ਵਿਚਕਾਰ ਇੱਕ ਲਿੰਕ ਹੈ, ਜਿਸ ਵਿੱਚ ਖ਼ੂਨ ਦਾ ਗਤਲਾ, ਅਤੇ ਖ਼ੂਨ ਵਿੱਚ ਪਲੇਟਲੈੱਟ ਦੇ ਘੱਟ ਪੱਧਰ ਸ਼ਾਮਲ ਹਨ। ਇਸ ਬਾਰੇ ਹੋਰ ਇੱਥੇ ਪੜ੍ਹੋ: https://www.health.gov.au/resources/publication/astrazeneca-information-other-languages

**ਕੀ COVID-19 ਦੇ ਟੀਕੇ ਵਾਇਰਸ ਦੇ ਫ਼ੈਲਾਅ ਨੂੰ ਘਟਾਉਂਦੇ ਹਨ?**

COVID-19 ਦੇ ਟੀਕੇ ਤੁਹਾਨੂੰ ਬਹੁਤ ਜ਼ਿਆਦਾ ਬਿਮਾਰ ਹੋਣ, ਹਸਪਤਾਲ ਜਾਣ ਜਾਂ COVID-19 ਨਾਲ ਮਰਨ ਤੋਂ ਰੋਕਣ ਵਿੱਚ ਸਹਾਇਤਾ ਕਰਨ ਵਿੱਚ ਬਹੁਤ ਪ੍ਰਭਾਵਸ਼ਾਲੀ ਹਨ। ਮੁਢਲੇ ਸਬੂਤ ਇਹ ਵੀ ਦਰਸਾਉਂਦੇ ਹਨ ਕਿ COVID-19 ਦੇ ਟੀਕੇ ਵਾਇਰਸ ਦੇ ਫ਼ੈਲਾਅ ਨੂੰ ਘਟਾਉਣ ਵਿੱਚ ਸਹਾਇਤਾ ਕਰਦੇ ਹਨ।

ਖੋਜ ਵਾਲੇ ਸਬੂਤ ਇਹ ਸੁਝਾਅ ਦਿੰਦੇ ਹਨ ਕਿ ਜੇ ਕੋਈ ਟੀਕਾ ਲਗਵਾਉਣ ਤੋਂ ਬਾਅਦ COVID-19 ਤੋਂ ਬਿਮਾਰ ਹੋ ਜਾਂਦਾ ਹੈ, ਤਾਂ ਉਨ੍ਹਾਂ ਵਿੱਚ ਦੂਜੇ ਲੋਕਾਂ ਨੂੰ ਬਿਮਾਰ ਕਰਨ ਦੀ ਸੰਭਾਵਨਾ ਘੱਟ ਹੁੰਦੀ ਹੈ, ਉਨ੍ਹਾਂ ਲੋਕਾਂ ਦੇ ਮੁਕਾਬਲੇ ਜਿਨ੍ਹਾਂ ਨੇ ਵੈਕਸੀਨ ਨਹੀਂ ਲਗਵਾਈ ਹੈ।

## ਕੀ COVID-19 ਵੈਕਸੀਨਾਂ ਗਰਭ-ਅਵਸਥਾ ਜਾਂ ਛਾਤੀਆਂ ਦਾ ਦੁੱਧ ਚੁੰਘਾਉਣ ਨੂੰ ਪ੍ਰਭਾਵਿਤ ਕਰਦੀਆਂ ਹਨ?

ਜੇ ਤੁਸੀਂ ਗਰਭਵਤੀ ਹੋ, ਛਾਤੀ ਦਾ ਦੁੱਧ ਚੁੰਘਾ ਰਹੇ ਹੋ ਜਾਂ ਗਰਭ ਧਾਰਨ ਦੀ ਯੋਜਨਾ ਬਣਾ ਰਹੇ ਹੋ, ਤਾਂ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਕੋਮੀਰਨਾਟੀ (ਫਾਈਜ਼ਰ) ਜਾਂ ਸਪਾਈਕਵੈਕਸ (ਮੋਡਰਨਾ) COVID-19 ਦਾ ਟੀਕਾ ਲਗਵਾਓ। ਦੁਨੀਆ ਭਰ ਦੀ ਖ਼ੋਜ ਦਰਸਾਉਂਦੀ ਹੈ ਕਿ ਫਾਈਜ਼ਰ ਅਤੇ ਮੋਡਰਨਾ ਵੈਕਸੀਨ ਗਰਭਵਤੀ ਅਤੇ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਲਈ ਸੁਰੱਖਿਅਤ ਹਨ।

ਜੇ ਤੁਹਾਨੂੰ COVID-19 ਦੀ ਲਾਗ ਲੱਗ ਜਾਂਦੀ ਹੈ, ਤਾਂ ਤੁਸੀਂ ਅਤੇ ਤੁਹਾਡਾ ਅਣਜੰਮਾਂ ਬੱਚਾ ਖ਼ਤਰੇ ਵਿੱਚ ਹੋ ਸਕਦੇ ਹੋ। ਇਸ ਨਾਲ:

- ਹਸਪਤਾਲ ਜਾਣ ਦੀ ਜ਼ਰੂਰਤ ਦਾ ਵਧੇਰੇ ਖਤਰਾ ਹੈ
- ਬੱਚੇ ਦੇ ਛੇਤੀ ਜਨਮ ਲੈਣ ਅਤੇ ਹਸਪਤਾਲ ਜਾਣ ਦੀ ਜ਼ਰੂਰਤ ਦੀ ਥੋੜ੍ਹੀ ਜਿਹੀ ਜ਼ਿਆਦਾ ਸੰਭਾਵਨਾ ਹੈ
- ਬੱਚੇ ਦੇ ਸਟਿੱਲਬੋਰਨ (ਬੱਚਾ ਦੇ ਜ਼ਿੰਦਾ ਨਾ ਪੈਦਾ ਹੋਣਾ) ਹੋਣ ਦਾ ਥੋੜ੍ਹਾ ਜਿਹਾ ਜ਼ਿਆਦਾ ਖਤਰਾ ਹੈ।

ਗਰਭ-ਅਵਸਥਾ ਦੇ ਦੌਰਾਨ ਕਿਸੇ ਵੀ ਸਮੇਂ COVID-19 ਦਾ ਟੀਕਾ ਲਗਵਾਉਣਾ ਇਨ੍ਹਾਂ ਖਤਰਿਆਂ ਨੂੰ ਘਟਾਉਣ ਦਾ ਸਭ ਤੋਂ ਉੱਤਮ ਤਰੀਕਾ ਹੈ।

ਜੇ ਤੁਸੀਂ ਛਾਤੀ ਦਾ ਦੁੱਧ ਚੁੰਘਾ ਰਹੇ ਹੋ ਅਤੇ ਫਾਈਜ਼ਰ ਜਾਂ ਮੋਡਰਨਾ ਵੈਕਸੀਨ ਦਾ ਟੀਕਾ ਲਗਵਾਉਣ ਵਿੱਚ ਅਸਮਰੱਥ ਹੋ, ਤਾਂ ਤੁਸੀਂ ਐਸਟਰਾਜ਼ੇਨੇਕਾ ਲੈਣ ਬਾਰੇ ਵੀ ਵਿਚਾਰ ਕਰ ਸਕਦੇ ਹੋ, ਜੇ ਟੀਕਾਕਰਣ ਕਰਵਾਉਣ ਦੇ ਲਾਭ ਇਸ ਦੇ ਖਤਰਿਆਂ ਤੋਂ ਕਿਤੇ ਵੱਧ ਹਨ। ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਕਿਹੜੀ ਵੈਕਸੀਨ ਦਾ ਟੀਕਾ ਲਾਗਵਾਇਆ ਹੈ, ਤੁਹਾਨੂੰ ਪਹਿਲਾਂ ਆਪਣੇ ਬੱਚੇ ਨੂੰ ਦੁੱਧ ਚੁੰਘਾਉਣਾ ਬੰਦ ਕਰਨ ਦੀ ਜ਼ਰੂਰਤ ਨਹੀਂ ਹੈ।

ਗਰਭਵਤੀ ਜਾਂ ਛਾਤੀ ਦਾ ਦੁੱਧ ਚੁੰਘਾਉਣ ਵੇਲੇ COVID-19 ਟੀਕਿਆਂ ਦੀ ਸੁਰੱਖਿਆ ਬਾਰੇ ਵਧੇਰੇ ਜਾਣਕਾਰੀ ਲਈ, ਆਪਣੇ ਡਾਕਟਰ ਨਾਲ ਗੱਲ ਕਰੋ। ਵਧੇਰੇ ਜਾਣਕਾਰੀ www.health.gov.au/resources/translated/pregnancy-and-covid-19-vaccines-other-languages 'ਤੇ ਲੱਭੀ ਜਾ ਸਕਦੀ ਹੈ।

## ਕੀ COVID-19 ਵੈਕਸੀਨਾਂ ਬਾਂਝਪਣ ਦਾ ਕਾਰਨ ਬਣਦੀਆਂ ਹਨ?

ਇਸ ਗੱਲ ਦਾ ਕੋਈ ਵਿਗਿਆਨਕ ਸਬੂਤ ਨਹੀਂ ਹੈ ਕਿ COVID-19 ਟੀਕੇ ਮਰਦਾਂ ਜਾਂ ਔਰਤਾਂ ਵਿੱਚ ਬਾਂਝਪਣ ਜਾਂ ਨਸਬੰਦੀ ਦਾ ਕਾਰਨ ਬਣਦੇ ਹਨ।

TGA ਆਸਟ੍ਰੇਲੀਆ ਵਿੱਚ ਵਰਤੋਂ ਲਈ ਕਿਸੇ ਵੀ ਵੈਕਸੀਨ ਨੂੰ ਮਨਜ਼ੂਰੀ ਨਹੀਂ ਦੇਵੇਗਾ ਜਦੋਂ ਤੱਕ ਇਹ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਨਹੀਂ ਹੁੰਦੀ ਹੈ। ਇਸ ਦਾ ਮਤਲਬ ਇਹ ਹੈ ਕਿ TGA ਕਿਸੇ ਵੈਕਸੀਨ ਨੂੰ ਮਨਜ਼ੂਰੀ ਨਹੀਂ ਦੇਵੇਗਾ ਜੇ ਇਹ ਮਰਦ ਜਾਂ ਔਰਤ ਦੀ ਜਣਨ-ਸ਼ਕਤੀ ਨੂੰ ਪ੍ਰਭਾਵਤ ਕਰਦੀ ਹੈ। ਅਧਿਐਨਾਂ ਵਿੱਚ ਬਾਂਝਪਣ ਨੂੰ ਕਿਸੇ ਵੀ TGA ਦੁਆਰਾ ਮਨਜ਼ੂਰਸ਼ੁਦਾ COVID-19 ਵੈਕਸੀਨ ਦੇ ਅਣਚਾਹੇ ਅਸਰ ਵਿੱਚ ਨਹੀਂ ਪਾਇਆ ਗਿਆ ਹੈ।

## COVID-19 ਵੈਕਸੀਨਾਂ ਕੌਣ ਲਗਵਾ ਸਕਦਾ ਹੈ?

ਆਸਟ੍ਰੇਲੀਆ ਵਿੱਚ 12 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹਰ ਕੋਈ COVID-19 ਵੈਕਸੀਨ ਮੁਫ਼ਤ ਵਿੱਚ ਲਗਵਾ ਸਕਦਾ ਹੈ। ਜੇ ਤੁਸੀਂ ਸਰਕਾਰੀ ਟੀਕਾਕਰਣ ਕਲੀਨਿਕ ਵਿਖੇ ਆਪਣਾ ਟੀਕਾਕਰਨ ਕਰਵਾ ਰਹੇ ਹੋ, ਤਾਂ ਤੁਹਾਨੂੰ ਕਿਸੇ ਮੈਡੀਕੇਅਰ ਕਾਰਡ ਦੀ ਲੋੜ ਨਹੀਂ ਪਵੇਗੀ। ਵੈਕਸੀਨ ਕਲੀਨਿਕ ਲੱਭਣ ਵਾਲੇ ਦੀ ਵਰਤੋਂ ਕਰਕੇ ਤੁਸੀਂ ਕਲੀਨਿਕ ਲੱਭ ਸਕਦੇ ਹੋ ਅਤੇ COVID-19 ਟੀਕਾਕਰਨ ਬੁੱਕ ਕਰ ਸਕਦੇ ਹੋ https://covid-vaccine.healthdirect.gov.au/

## ਕੀ ਬੱਚੇ COVID-19 ਦੇ ਟੀਕੇ ਲਗਵਾ ਸਕਦੇ ਹਨ?

12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬੱਚੇ ਫਾਈਜ਼ਰ ਜਾਂ ਮੌਡਰਨਾ COVID-19 ਵੈਕਸੀਨ ਲਗਵਾ ਸਕਦੇ ਹਨ।

ਆਸਟ੍ਰੇਲੀਆ ਦੇ ਟੀਕਾਕਰਨ ਮਾਹਰ, ਆਸਟ੍ਰੇਲੀਆ ਦਾ ਟੀਕਾਕਰਨ ਬਾਰੇ ਤਕਨੀਕੀ ਸਲਾਹਕਾਰ ਸਮੂਹ (ATAGI) ਸਿਫਾਰਸ਼ ਕਰਦਾ ਹੈ ਕਿ 12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਫਾਈਜ਼ਰ ਜਾਂ ਮੌਡਰਨਾ ਵੈਕਸੀਨਾਂ ਦੀ ਪੇਸ਼ਕਸ਼ ਕੀਤੀ ਜਾਵੇ।

ਇਹ ਪਤਾ ਕਰਨ ਲਈ ਕਿ ਤੁਹਾਡੇ ਅਤੇ ਤੁਹਾਡੇ ਪਰਿਵਾਰ ਵਾਸਤੇ ਕੀ ਸਹੀ ਹੈ, ਆਪਣੇ ਡਾਕਟਰ ਨਾਲ ਗੱਲ ਕਰੋ।

## ਕੀ ਮੈਨੂੰ COVID-19 ਵੈਕਸੀਨ ਦੀਆਂ ਦੋ ਖੁਰਾਕਾਂ ਦੀ ਲੋੜ ਹੈ? ਕੀ ਉਹਨਾਂ ਨੂੰ ਪ੍ਰਭਾਵਸ਼ਾਲੀ ਹੋਣ ਲਈ ਉਸੇ ਕਿਸਮ ਦੀ COVID-19 ਵੈਕਸੀਨ ਹੋਣੀ ਚਾਹੀਦੀ ਹੈ?

ਹਾਂ, ATAGI ਦੇ ਡਾਕਟਰੀ ਮਾਹਰ ਕਹਿੰਦੇ ਹਨ ਕਿ ਇੱਕੋ ਵੈਕਸੀਨ ਦੀਆਂ ਦੋ ਖੁਰਾਕਾਂ ਲੈਣਾ ਸਭ ਤੋਂ ਵਧੀਆ ਹੈ। ਇਹ ਵੀ ਉਹੀ ਹੈ ਜਿਸ ਲਈ TGA ਨੇ ਰੈਗੂਲੇਟਰੀ ਮਨਜ਼ੂਰੀ ਦਿੱਤੀ ਹੈ।

ਤੁਹਾਡਾ ਟੀਕਾਕਰਣ ਕਰਨ ਵਾਲਾ ਵਿਅਕਤੀ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਕਿਸ ਕਿਸਮ ਦਾ ਟੀਕਾ ਪ੍ਰਾਪਤ ਹੋਇਆ ਹੈ, ਅਤੇ ਤੁਹਾਨੂੰ ਆਪਣੀ ਦੂਜੀ ਮੁਲਾਕਾਤ ਕਦੋਂ ਬੁੱਕ ਕਰਨੀ ਚਾਹੀਦੀ ਹੈ।

## ਕੀ ਮੈਨੂੰ COVID-19 ਵੈਕਸੀਨ ਦੀ ਤੀਜੀ ਖੁਰਾਕ ਦੀ ਲੋੜ ਪਵੇਗੀ?

ਆਸਟ੍ਰੇਲੀਆ ਦੇ ਟੀਕਾਕਰਨ ਮਾਹਰ, ATAGI 12 ਸਾਲ ਤੋਂ ਵੱਧ ਉਮਰ ਦੇ ਲੋਕਾਂ ਵਾਸਤੇ COVID-19 ਵੈਕਸੀਨ ਦੀ ਤੀਜੀ ਖੁਰਾਕ ਦੀ ਸਿਫਾਰਸ਼ ਕਰਦਾ ਹੈ ਜਿੰਨ੍ਹਾਂ ਦੀ ਪ੍ਰਤੀਰੋਧਕ ਪ੍ਰਣਾਲੀ ਗੰਭੀਰ ਤੌਰ 'ਤੇ ਕਮਜ਼ੋਰ ਹੈ। ਉਹ ਲੋਕ ਜਿੰਨ੍ਹਾਂ ਦੀ ਪ੍ਰਤੀਰੋਧਕ ਪ੍ਰਣਾਲੀ ਗੰਭੀਰ ਤੌਰ 'ਤੇ ਕਮਜ਼ੋਰ ਹੈ, ਉਹਨਾਂ ਵਿੱਚ ਬਾਕੀ ਆਬਾਦੀ ਨਾਲੋਂ ਪ੍ਰਤੀਰੋਧਤਾ ਦੇ ਪੱਧਰ ਘੱਟ ਹੁੰਦੇ ਹਨ। ਉਹਨਾਂ ਨੂੰ ਇਸ ਤੀਜੀ ਖੁਰਾਕ ਦੀ ਲੋੜ ਹੁੰਦੀ ਹੈ ਤਾਂ ਜੋ ਉਹਨਾਂ ਨੂੰ ਦੂਜਿਆਂ ਲੋਕਾਂ ਨੂੰ ਮਿਲੀਆਂ ਦੋ ਖੁਰਾਕਾਂ ਜਿੰਨ੍ਹੀ ਹੀ ਸੁਰੱਖਿਆ ਮਿਲ ਸਕੇ।

ਜੋ ਯੋਗ ਹਨ, ਉਹਨਾਂ ਨੂੰ COVID-19 ਵੈਕਸੀਨ ਦੀ ਆਪਣੀ ਦੂਜੀ ਖੁਰਾਕ ਤੋਂ ਬਾਅਦ ਆਪਣੀ ਤੀਜੀ ਵੈਕਸੀਨ ਦੋ ਤੋਂ ਛੇ ਮਹੀਨਿਆਂ ਦੇ ਵਿਚਕਾਰ ਲਗਵਾਉਣੀ ਚਾਹੀਦੀ ਹੈ।

ਉਹ ਲੋਕ ਜਿੰਨ੍ਹਾਂ ਦੀ ਪ੍ਰਤੀਰੋਧਕ ਪ੍ਰਣਾਲੀ ਗੰਭੀਰ ਤੌਰ 'ਤੇ ਕਮਜ਼ੋਰ ਨਹੀਂ ਹੈ, ਉਹਨਾਂ ਨੂੰ ਇਸ ਪੜਾਅ 'ਤੇ COVID-19 ਵੈਕਸੀਨ ਦੀ ਤੀਜੀ ਖੁਰਾਕ ਦੀ ਲੋੜ ਨਹੀਂ ਹੁੰਦੀ, ਕਿਉਂਕਿ ਉਹਨਾਂ ਨੂੰ ਪਹਿਲਾਂ ਹੀ ਵੈਕਸੀਨ ਦੀਆਂ ਦੋ ਖੁਰਾਕਾਂ ਨਾਲ ਵਾਇਰਸ ਤੋਂ ਕਾਫ਼ੀ ਸੁਰੱਖਿਆ ਮਿਲ ਜਾਂਦੀ ਹੈ।

## ਮੈਂ ਆਪਣੀ COVID-19 ਵੈਕਸੀਨ ਲਗਵਾਉਣ ਲਈ ਕਿਵੇਂ ਬੁੱਕ ਕਰ ਸਕਦਾ ਹਾਂ?

ਵੈਕਸੀਨ ਕਲੀਨਿਕ ਲੱਭਣ ਵਾਲੇ ਦੀ ਵਰਤੋਂ ਕਰਕੇ ਤੁਸੀਂ ਕਲੀਨਿਕ ਲੱਭ ਸਕਦੇ ਹੋ ਅਤੇ COVID-19 ਟੀਕਾਕਰਨ ਬੁੱਕ ਕਰ ਸਕਦੇ ਹੋ https://covid-vaccine.healthdirect.gov.au/

ਤੁਸੀਂ ਆਪਣੇ ਡਾਕਟਰ ਜਾਂ ਹਿੱਸਾ ਲੈਣ ਵਾਲੇ ਭਾਈਚਾਰਕ ਫਾਰਮਾਸਿਸਟ ਨਾਲ ਵੀ ਆਪਣੇ ਟੀਕਾਕਰਨ ਵਾਸਤੇ ਬੁਕਿੰਗ ਕਰਨ ਬਾਰੇ ਗੱਲ ਕਰ ਸਕਦੇ ਹੋ।

## ਕੀ ਆਸਟ੍ਰੇਲੀਆ ਵਿੱਚ COVID-19 ਵੈਕਸੀਨਾਂ ਲਾਜ਼ਮੀ ਹਨ?

COVID-19 ਵਾਸਤੇ ਟੀਕਾਕਰਨ ਸਵੈ-ਇੱਛਾ ਨਾਲ ਹੈ। ਲੋਕ ਇਹ ਚੋਣ ਕਰ ਸਕਦੇ ਹਨ, ਕਿ ਕੀ ਉਹ COVID-19 ਵੈਕਸੀਨਾਂ ਲਗਵਾਉਣਾ ਚਾਹੁੰਦੇ ਹਨ। COVID-19 ਵੈਕਸੀਨਾਂ ਨਾ ਲਗਵਾਉਣ ਵਾਸਤੇ ਤੁਹਾਨੂੰ ਜੁਰਮਾਨਾ ਨਹੀਂ ਲੱਗੇਗਾ।

COVID-19 ਦੇ ਖਿਲਾਫ ਟੀਕਾਕਰਨ ਰਿਹਾਇਸ਼ੀ ਬਜ਼ੁਰਗਾਂ ਦੀ ਦੇਖਭਾਲ ਵਿੱਚ ਕੰਮ ਕਰਨ ਵਾਲੇ ਲੋਕਾਂ ਵਾਸਤੇ ਇਕ ਲੋੜ ਹੈ। ਕੁਝ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਦੀਆਂ ਆਪਣੀਆਂ ਟੀਕਾਕਰਨ ਦੀਆਂ ਲੋੜਾਂ ਵੀ ਹੁੰਦੀਆਂ ਹਨ। ਇੱਥੇ ਉਹਨਾਂ ਲੋਕਾਂ ਲਈ ਛੋਟਾਂ ਹਨ, ਜੋ ਡਾਕਟਰੀ ਸਮੱਸਿਆਵਾਂ ਕਰਕੇ ਟੀਕੇ ਨਹੀਂ ਲਗਵਾ ਸਕਦੇ ਹਨ।

## ਕੀ ਮੈਂ ਵਿਦੇਸ਼ਾਂ ਤੋਂ ਇਕ ਵੈਕਸੀਨ ਲਗਵਾ ਸਕਦਾ ਹਾਂ?

ਆਸਟ੍ਰੇਲੀਆ ਵਿੱਚ ਲੋਕ ਕੇਵਲ ਉਹੀ COVID-19 ਵੈਕਸੀਨਾਂ ਲਗਵਾ ਸਕਦੇ ਹਨ, ਜਿੰਨ੍ਹਾਂ ਨੂੰ ਆਸਟ੍ਰੇਲੀਆ ਵਿੱਚ ਵਰਤਣ ਵਾਸਤੇ TGA ਵੱਲੋਂ ਮਨਜ਼ੂਰੀ ਦਿੱਤੀ ਗਈ ਹੈ। ਇਹਨਾਂ ਵੈਕਸੀਨਾਂ ਨੂੰ ਹੋਰਨਾਂ ਦੇਸ਼ਾਂ ਵਿੱਚ ਵੀ ਵਰਤੋਂ ਵਾਸਤੇ ਮਨਜ਼ੂਰ ਕੀਤਾ ਜਾ ਸਕਦਾ ਹੈ। ਤੁਹਾਨੂੰ COVID-19 ਵੈਕਸੀਨ ਔਨਲਾਈਨ ਖਰੀਦਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਕਿਉਂਕਿ ਇਸ ਦੇ ਅਸੁਰੱਖਿਅਤ ਜਾਂ ਨਕਲੀ ਹੋਣ ਦੀ ਸੰਭਾਵਨਾ ਹੈ।

## ਇਕ ਵਾਰ ਜਦ ਮੈਨੂੰ ਟੀਕਾ ਲੱਗ ਜਾਂਦਾ ਹੈ, ਤਾਂ COVID-19 ਦੇ ਫੈਲਣ ਨੂੰ ਰੋਕਣ ਲਈ ਕੀ ਮੈਨੂੰ ਅਜੇ ਵੀ ਹੋਰ ਸਾਵਧਾਨੀਆਂ ਵਰਤਣ ਦੀ ਲੋੜ ਹੈ?

ਆਪਣੇ ਟੀਕੇ ਨੂੰ ਲਗਵਾਉਣ ਦੇ ਬਾਅਦ, COVID-19 ਨੂੰ ਫੈਲਣ ਤੋਂ ਰੋਕਣ ਲਈ ਤੁਹਾਡੇ ਵਾਸਤੇ ਸੁਰੱਖਿਅਤ ਪ੍ਰਥਾਵਾਂ ਨੂੰ ਜਾਰੀ ਰੱਖਣਾ ਅਜੇ ਵੀ ਮਹੱਤਵਪੂਰਣ ਹੈ।

ਦੂਸਰਿਆਂ ਤੋਂ 1.5 ਮੀਟਰ ਦੂਰ ਰਹੋ, ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਬਕਾਇਦਾ ਧੋਵੋ, ਬਿਮਾਰ ਹੋਣ ਤੇ ਘਰ ਵਿੱਚ ਰਹੋ, COVID-19 ਵਾਸਤੇ ਟੈਸਟ ਕਰਵਾਓ ਅਤੇ ਲੋੜ ਪੈਣ ਉੱਤੇ ਮਾਸਕ ਪਹਿਨੋ।

## ਉਹ ਲੋਕ ਜਿੰਨ੍ਹਾਂ ਨੂੰ COVID-19 ਹੋਇਆ ਸੀ, ਕੀ ਉਹਨਾਂ ਨੂੰ ਅਜੇ ਵੀ ਟੀਕਾ ਲਗਵਾਉਣ ਦੀ ਲੋੜ ਹੈ?

ਉਹ ਲੋਕ ਜਿੰਨ੍ਹਾਂ ਨੂੰ COVID-19 ਹੋ ਗਿਆ ਸੀ, ਅਤੇ ਉਹ ਠੀਕ ਹੋ ਗਏ ਹਨ, ਉਹਨਾਂ ਨੂੰ ਅਜੇ ਵੀ ਟੀਕਾ ਲਗਵਾਉਣਾ ਚਾਹੀਦਾ ਹੈ। COVID-19 ਦਾ ਕਾਰਨ ਬਣਨ ਵਾਲਾ ਵਾਇਰਸ ਇਕ ਨਵਾਂ ਵਾਇਰਸ ਹੈ ਅਤੇ ਇਸ ਲਈ ਮਾਹਰਾਂ ਨੂੰ ਇਹ ਨਹੀਂ ਪਤਾ ਕਿ ਲਾਗ ਦੇ ਬਾਅਦ ਕੁਦਰਤੀ ਪ੍ਰਤੀਰੋਧਤਾ ਕਿੰਨੀ ਦੇਰ ਤੱਕ ਰਹਿ ਸਕਦੀ ਹੈ। ਇਸ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਦੋਬਾਰਾ ਲਾਗ ਲੱਗਣ ਤੋਂ ਸੁਰੱਖਿਆ ਸਮੇਂ ਦੇ ਨਾਲ ਨਾਲ ਘੱਟ ਜਾਵੇਗੀ। ਇਸ ਕਰਕੇ ਪ੍ਰਤੀਰੋਧਤਾ ਨੂੰ ਵਧਾਉਣ ਲਈ, ਅਤੇ ਇਹ ਯਕੀਨੀ ਬਨਾਉਣ ਲਈ ਵੈਕਸੀਨ ਲਗਵਾਉਣਾ ਸਮਝਦਾਰੀ ਵਾਲੀ ਗੱਲ ਹੈ, ਕਿ ਇਹ ਸੁਰੱਖਿਆ ਵਧੇਰੇ ਸਮੇਂ ਤੱਕ ਚੱਲਦੀ ਹੈ।

## ਕੀ ਫ਼ਲੂ ਦੀ ਵੈਕਸੀਨ ਮੈਨੂੰ COVID-19 ਬਿਮਾਰੀ ਲੱਗਣ ਤੋਂ ਬਚਾਏਗੀ?

ਇਨਫਲੂਐਂਜ਼ਾ (ਫ਼ਲੂ) ਅਤੇ COVID-19 ਦੋਨੋਂ ਹੀ ਵਾਇਰਸ ਹਨ, ਪਰ ਇਹ ਇੱਕੋ ਜਿਹੇ ਨਹੀਂ ਹਨ। ਫ਼ਲੂ ਵਾਲੀ ਵੈਕਸੀਨ COVID-19 ਤੋਂ ਪ੍ਰਤੀਰੋਧਤਾ ਨਹੀਂ ਦਿੰਦੀ, ਜਾਂ ਸੁਰੱਖਿਆ ਨਹੀਂ ਦਿੰਦੀ ਹੈ।

COVID-19 ਵੈਕਸੀਨ ਫ਼ਲੂ ਤੋਂ ਸੁਰੱਖਿਆ ਨਹੀਂ ਦੇਵੇਗੀ। ਫ਼ਲੂ ਅਤੇ COVID-19 ਦਾ ਟੀਕਾ, ਦੋਵਾਂ ਨੂੰ ਹੀ ਲਗਵਾਉਣ ਦੀ ਸਲਾਹ ਦਿੱਤੀ ਜਾਂਦੀ ਹੈ, ਪਰ ਯਾਦ ਰੱਖੋ ਕਿ ਤੁਹਾਨੂੰ ਫ਼ਲੂ ਦੇ ਟੀਕੇ ਅਤੇ COVID-19 ਦਾ ਟੀਕਾ ਲਗਵਾਉਣ ਦੇ ਵਿਚਕਾਰ 7 ਦਿਨ ਦਾ ਫ਼ਾਸਲਾ ਛੱਡਣਾ ਚਾਹੀਦਾ ਹੈ।

## ਕੀ ਮੈਨੂੰ ਐਸਟਰਾਜ਼ੈਨੇਕਾ ਵੈਕਸੀਨ ਲਗਵਾਉਣ ਤੋਂ ਪਹਿਲਾਂ ਖ਼ੂਨ ਪਤਲਾ ਕਰਨ ਵਾਲੀ ਦਵਾਈ ਲੈਣੀ ਚਾਹੀਦੀ ਹੈ?

ਨਹੀਂ, ਤੁਹਾਡੇ ਦੁਆਰਾ ਟੀਕਾਕਰਨ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਖ਼ੂਨ ਪਤਲਾ ਕਰਨ ਵਾਲੀ ਦਵਾਈ ਲੈਣੀ ਜ਼ਰੂਰੀ ਨਹੀਂ ਹੈ।

ਤੁਹਾਨੂੰ ਆਪਣੀ ਬਕਾਇਦਾ ਦਵਾਈ ਲੈਣਾ ਜਾਰੀ ਰੱਖਣਾ ਚਾਹੀਦਾ ਹੈ, ਜਦ ਤੱਕ ਕਿ ਤੁਹਾਡੇ ਡਾਕਟਰ ਦੁਆਰਾ ਇਸ ਦੀ ਸਲਾਹ ਨਹੀਂ ਦਿੱਤੀ ਜਾਂਦੀ ਹੈ।

## ਜੇ COVID-19 ਬਦਲ ਜਾਂਦਾ ਹੈ, ਤਾਂ ਕੀ COVID-19 ਵੈਕਸੀਨਾਂ ਕੰਮ ਕਰਨਗੀਆਂ?

ਸਾਰੇ ਵਾਇਰਸ ਸਮੇਂ ਦੇ ਨਾਲ ਬਦਲਦੇ ਹਨ। ਇਸ ਨੂੰ ਕਿਸਮਾਂ (ਮਿਊਟੇਸ਼ਨ) ਕਿਹਾ ਜਾਂਦਾ ਹੈ। ਚੱਲ ਰਹੇ ਵਿਗਿਆਨਕ ਸਬੂਤ ਵਿਖਾਉਂਦੇ ਹਨ, ਕਿ COVID-19 ਵੈਕਸੀਨਾਂ COVID-19 ਦੀਆਂ ਨਵੀਆਂ ਕਿਸਮਾਂ (ਮਿਊਟੇਸ਼ਨਾਂ) ਦੇ ਖਿਲਾਫ ਅਜੇ ਵੀ ਅਸਰਦਾਰ ਹੋਣਗੀਆਂ। ਥਰੈਪਿਊਟਿਕ ਗੁਡਜ਼ ਐਡਮਿਨਿਸਟ੍ਰੇਸ਼ਨ ਆਪਣੀਆਂ ਆਮ ਮਨਜ਼ੂਰੀ ਅਤੇ ਨਿਗਰਾਨੀ ਪ੍ਰਕਿਰਿਆਵਾਂ ਦੇ ਹਿੱਸੇ ਵਜੋਂ, ਇਸ ਉੱਤੇ ਨੇੜਿਓਂ ਨਜ਼ਰ ਮਾਰਨਾ ਜਾਰੀ ਰੱਖੇਗੀ।

ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਲੋਕਾਂ ਨੂੰ ਬੂਸਟਰ ਟੀਕਾ ਲਗਵਾਉਣ ਦੀ ਜ਼ਰੂਰਤ ਹੈ, ਜਿਵੇਂ ਕਿ ਟੈਟਨਸ ਅਤੇ ਕਾਲੀ ਖੰਘ ਦੇ ਟੀਕੇ। ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਸਾਨੂੰ ਦੁਬਾਰਾ ਟੀਕਾ ਲਗਵਾਉਣ ਦੀ ਜ਼ਰੂਰਤ ਹੈ, ਜਿਵੇਂ ਕਿ ਅਸੀਂ ਹਰ ਸਾਲ ਫ਼ਲੂ ਦੇ ਟੀਕੇ ਦੇ ਨਾਲ ਕਰਦੇ ਹਾਂ। ਖੋਜਕਰਤਾ ਅਜੇ ਵੀ ਇਸ ਦੀ ਜਾਂਚ ਕਰ ਰਹੇ ਹਨ।

COVID-19 ਵੈਕਸੀਨਾਂ ਵਾਸਤੇ ਕੀ ਤੁਹਾਨੂੰ ਵਧੀਕ ਬੂਸਟਰ ਖੁਰਾਕਾਂ ਦੀ ਲੋੜ ਪਵੇਗੀ, ਜਿਵੇਂ ਕਿ ਸਾਲਾਨਾ ਬੂਸਟਰ, COVID-19 ਵੈਕਸੀਨਾਂ ਵਾਸਤੇ ਇਹਨਾਂ ਦਾ ਅਜੇ ਵੀ ਚੱਲ ਰਹੀਆਂ ਕਲੀਨਿਕੀ ਪਰਖਾਂ ਦੁਆਰਾ ਪਤਾ ਲਗਾਇਆ ਜਾ ਰਿਹਾ ਹੈ। ਭਵਿੱਖ ਵਿੱਚ, ਤੁਹਾਡਾ ਡਾਕਟਰ ਸਮਝਾ ਸਕਦਾ ਹੈ, ਕਿ ਕੀ COVID-19 ਬੂਸਟਰਾਂ ਦੀ ਲੋੜ ਪਵੇਗੀ ਅਤੇ ਕਿੰਨ੍ਹੀ ਕੁ ਵਾਰ ਪਵੇਗੀ।

## ਕੀ COVID-19 ਵੈਕਸੀਨਾਂ ਮੇਰੇ ਜੀਨਾਂ ਅਤੇ DNA ਨੂੰ ਬਦਲ ਦੇਣਗੀਆਂ?

ਨਹੀਂ, COVID-19 ਵੈਕਸੀਨਾਂ ਤੁਹਾਡੇ ਜੀਨ ਜਾਂ DNA ਨੂੰ ਨਹੀਂ ਬਦਲਦੀਆਂ ਹਨ।

ਨਵੀਆਂ COVID-19 ਵੈਕਸੀਨਾਂ ਵਿੱਚੋਂ ਕੁਝ ਕੁ ਤੁਹਾਡੇ ਸਰੀਰ ਨੂੰ COVID-19 ਦੇ ਖਿਲਾਫ ਪ੍ਰਤੀਰੋਧਤਾ ਤਿਆਰ ਕਰਨ ਲਈ ਨਿਰਦੇਸ਼ ਦੇਣ ਲਈ ਮੈਸੇਂਜਰ RNA (mRNA) ਦੇ ਇਕ ਅੰਸ਼ ਦੀ ਵਰਤੋਂ ਕਰਦੀਆਂ ਹਨ। ਵੈਕਸੀਨਾਂ ਤੁਹਾਨੂੰ COVID-19 ਨਾਲ ਬਿਮਾਰ ਨਹੀਂ ਕਰਦੀਆਂ ਹਨ।

mRNA ਵੈਕਸੀਨਾਂ ਦੇ ਵਿੱਚ DNA, RNA ਨਾਲੋਂ ਇਕ ਵੱਖਰੀ ਕਿਸਮ ਦਾ ਅਣੂ ਹੈ। mRNA ਤੁਹਾਡੇ DNA ਨਾਲ ਕੁਝ ਨਹੀਂ ਕਰਦੀ ਹੈ, ਅਤੇ ਤੁਹਾਡੇ ਸਰੀਰ ਵਿੱਚ ਦਾਖਲ ਹੋਣ ਦੇ ਛੇਤੀ ਹੀ ਬਾਅਦ ਟੁੱਟ ਜਾਂਦੀ ਹੈ।

## ਕੀ ਵੈਕਸੀਨ ਮੇਰਾ ਜੀਨ ਜਾਂ DNA ਇਕੱਠਾ ਕਰਨ ਜਾ ਰਹੀ ਹੈ?

ਨਹੀਂ, ਜਦੋਂ ਤੁਹਾਨੂੰ ਕੋਈ ਵੈਕਸੀਨ ਲਗਾਈ ਜਾਂਦੀ ਹੈ, ਤਾਂ ਇਹ ਤੁਹਾਡੇ ਸਰੀਰ ਵਿੱਚ ਚਲੀ ਜਾਂਦੀ ਹੈ, ਆਮ ਤੌਰ 'ਤੇ ਤੁਹਾਡੀ ਬਾਂਹ ਦੇ ਉੱਪਰਲੀ ਮਾਸਪੇਸ਼ੀ ਵਿੱਚ। ਆਸਟ੍ਰੇਲੀਆ ਵਿੱਚ COVID-19 ਵੈਕਸੀਨਾਂ ਟੀਕੇ ਰਾਹੀਂ ਲਗਾਈਆਂ ਜਾਂਦੀਆਂ ਹਨ। COVID-19 ਟੀਕਾਕਰਨ ਦੁਆਰਾ ਨਾਲ ਜੀਨ ਅਤੇ DNA ਇਕੱਠੇ ਨਹੀਂ ਕੀਤੇ ਜਾਂਦੇ।

## ਕੀ COVID-19 ਵੈਕਸੀਨਾਂ ਮੈਨੂੰ ਇੰਟਰਨੈੱਟ ਨਾਲ ਜੋੜਦੀਆਂ ਹਨ?

ਨਹੀਂ, COVID-19 ਵੈਕਸੀਨਾਂ ਤੁਹਾਨੂੰ ਇੰਟਰਨੈੱਟ ਨਾਲ ਨਹੀਂ ਜੋੜਦੀਆਂ – ਜੋੜ ਨਹੀਂ ਸਕਦੀਆਂ – ਅਤੇ ਨਾ ਹੀ ਜੋੜਨਗੀਆਂ। ਵੈਕਸੀਨ ਇਕ ਡਾਕਟਰੀ ਉਤਪਾਦ ਹੈ ਅਤੇ ਇਹ ਡਿਜ਼ੀਟਲ ਨਹੀਂ ਹੈ।

## COVID-19 ਵੈਕਸੀਨਾਂ ਵਿੱਚ ਕੀ ਮਾਈਕਰੋਚਿਪ ਜਾਂ ਟ੍ਰੈਕਿੰਗ ਤਕਨਾਲੋਜੀ ਹੁੰਦੀ ਹੈ?

COVID-19 ਵੈਕਸੀਨਾਂ ਵਿੱਚੋਂ ਕਿਸੇ ਵਿੱਚ ਵੀ ਸਾਫਟਵੇਅਰ ਜਾਂ ਮਾਈਕਰੋਚਿਪ ਨਹੀਂ ਹੁੰਦੇ। ਉਹ ਲੋਕਾਂ ਨੂੰ ਟ੍ਰੈਕ ਨਹੀਂ ਕਰ ਸਕਦੇ।

## ਕੀ COVID-19 ਵੈਕਸੀਨਾਂ ਮੈਨੂੰ COVID-19 ਨਾਲ ਬਿਮਾਰ ਕਰ ਸਕਦੀਆਂ ਹਨ?

ਆਸਟ੍ਰੇਲੀਆ ਵਿੱਚ ਮਨਜ਼ੂਰਸ਼ੁਦਾ COVID-19 ਵੈਕਸੀਨਾਂ ਵਿੱਚੋਂ ਕਿਸੇ ਵਿੱਚ ਵੀ ਜਿਊਂਦਾ ਵਾਇਰਸ ਨਹੀਂ ਹੁੰਦਾ ਜੋ COVID-19 ਬਿਮਾਰੀ ਦਾ ਕਾਰਨ ਬਣਦਾ ਹੈ। ਇਸਦਾ ਅਰਥ ਹੈ ਕਿ COVID-19 ਟੀਕਾ ਤੁਹਾਨੂੰ COVID-19 ਨਾਲ ਬਿਮਾਰ ਨਹੀਂ ਕਰ ਸਕਦਾ ਹੈ, ਅਤੇ ਇਹ ਟੀਕਾ ਤੁਹਾਨੂੰ ਵਾਇਰਸ ਨਹੀਂ ਦੇ ਸਕਦਾ ਹੈ।

COVID-19 ਵੈਕਸੀਨਾਂ ਤੋਂ ਕੁਝ ਅਣਚਾਹੇ ਅਸਰ, ਜਿਵੇਂ ਕਿ ਬੁਖਾਰ, ਮਾਸਪੇਸ਼ੀਆਂ ਵਿੱਚ ਦਰਦ ਅਤੇ ਥਕਾਵਟ, COVID-19 ਦੇ ਲੱਛਣਾਂ ਵਾਂਗ ਜਾਪ ਸਕਦੇ ਹਨ। ਇਹ ਲੱਛਣ ਟੀਕਾਕਰਨ ਪ੍ਰਤੀ ਸਾਧਾਰਨ ਪ੍ਰਤੀਕਿਰਿਆ ਦਾ ਹਿੱਸਾ ਹਨ। ਇਹ ਇਸ ਗੱਲ ਦਾ ਸੰਕੇਤ ਹੋ ਸਕਦੇ ਹਨ ਕਿ ਸਰੀਰ COVID-19 ਵਾਇਰਸ ਤੋਂ ਸੁਰੱਖਿਆ ਦਾ ਨਿਰਮਾਣ ਕਰ ਰਿਹਾ ਹੈ।

## ਕੀ COVID-19 ਵੈਕਸੀਨਾਂ ਵਿੱਚ ਜਾਨਵਰਾਂ ਦੇ ਉਤਪਾਦ ਹੁੰਦੇ ਹਨ?

ਆਸਟ੍ਰੇਲੀਆ ਵਿੱਚ ਵਰਤੋਂ ਵਾਸਤੇ ਮਨਜ਼ੂਰ ਕੀਤੀਆਂ COVID-19 ਵੈਕਸੀਨਾਂ ਵਿੱਚ ਕਿਸੇ ਜਾਨਵਰ, ਮੀਟ ਜਾਂ ਆਂਡੇ ਦੇ ਉਤਪਾਦ ਨਹੀਂ ਹੁੰਦੇ ਹਨ।

## ਧਾਰਮਿਕ ਆਗੂ COVID-19 ਵੈਕਸੀਨਾਂ ਬਾਰੇ ਕੀ ਰਾਇ ਰੱਖਦੇ ਹਨ?

ਆਸਟ੍ਰੇਲੀਆ ਵਿੱਚ ਵਰਤੋਂ ਵਾਸਤੇ ਮਨਜ਼ੂਰ ਕੀਤੇ COVID-19 ਵੈਕਸੀਨਾਂ ਦੀ ਆਗਿਆ ਬਹੁਤ ਸਾਰੇ ਧਾਰਮਿਕ ਆਗੂਆਂ ਦੁਆਰਾ ਦਿੱਤੀ ਗਈ ਹੈ।

22 ਦਸੰਬਰ 2020 ਨੂੰ, ਵੈਟੀਕਨ ਨੇ COVID-19 ਵੈਕਸੀਨਾਂ ਦੀ ਵਰਤੋਂ ਦਾ ਸਮਰਥਨ ਕਰਨ ਲਈ ਇਕ ਬਿਆਨ ਜਾਰੀ ਕੀਤਾ। ਤੁਸੀਂ ਵੈਟੀਕਨ ਦਾ ਬਿਆਨ ਇੱਥੇ ਪੜ੍ਹ ਸਕਦੇ ਹੋ: https://www.vatican.va/roman_curia/congregations/cfaith/documents/rc_con_cfaith_doc_20201221_nota-vaccini-anticovid_en.html

ਆਸਟ੍ਰੇਲੀਆ ਦੀ ਫ਼ਤਵਾ ਕੌਂਸਲ ਨੇ 13 ਫਰਵਰੀ 2021 ਨੂੰ COVID-19 ਵੈਕਸੀਨ ਲਈ ਫਤਵਾ ਜਾਰੀ ਕੀਤਾ। ਇਹ ਫ਼ਤਵਾ ਭਰੋਸੇਯੋਗ ਅਤੇ ਇਤਬਾਰੀ ਮੁਸਲਮਾਨ ਡਾਕਟਰਾਂ ਅਤੇ ਡਾਕਟਰੀ ਮਾਹਰਾਂ ਨਾਲ COVID-19 ਵੈਕਸੀਨਾਂ ਬਾਰੇ ਖੋਜ ਕਰਨ ਅਤੇ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਜਾਰੀ ਕੀਤਾ ਗਿਆ ਸੀ। ਫ਼ਤਵਾ ਸਲਾਹ ਦਿੰਦਾ ਹੈ ਕਿ ਆਸਟ੍ਰੇਲੀਆ ਦੇ COVID-19 ਵੈਕਸੀਨਾਂ ਨੂੰ ਇਸਲਾਮੀ ਕਾਨੂੰਨ ਅਨੁਸਾਰ ਇਜਾਜ਼ਤ ਦਿੱਤੀ ਜਾਂਦੀ ਹੈ। ਤੁਸੀਂ ਆਸਟ੍ਰੇਲੀਆ ਦੀ ਫ਼ਤਵਾ ਕੌਂਸਲ ਦੇ COVID-19 ਵੈਕਸੀਨ ਫ਼ਤਵੇ ਨੂੰ ਇੱਥੇ ਪੜ੍ਹ ਸਕਦੇ ਹੋ: https://www.anic.org.au/fatwa-council/

ਗ੍ਰੇਟ ਸਿਨੇਗੋਗ ਸਿਡਨੀ ਨੇ 27 ਫਰਵਰੀ 2021 ਨੂੰ COVID-19 ਟੀਕਿਆਂ ਦੀ ਵਰਤੋਂ ਦਾ ਸਮਰਥਨ ਕਰਦੇ ਹੋਏ ਇਕ ਉਪਦੇਸ਼ ਪ੍ਰਕਾਸ਼ਿਤ ਕੀਤਾ ਸੀ। ਤੁਸੀਂ ਉਪਦੇਸ਼ ਨੂੰ ਇੱਥੇ ਪੜ੍ਹ ਸਕਦੇ ਹੋ: https://www.greatsynagogue.org.au/rabbiscorner.html

ਆਸਟ੍ਰੇਲੀਅਨ ਇਸਲਾਮਿਕ ਮੈਡੀਕਲ ਐਸੋਸੀਏਸ਼ਨ ਨੇ 13 ਅਗਸਤ 2021 ਨੂੰ COVID-19 ਟੀਕਿਆਂ ਬਾਰੇ ਇੱਕ ਬਿਆਨ ਪ੍ਰਕਾਸ਼ਿਤ ਕੀਤਾ ਸੀ। ਤੁਸੀਂ ਬਿਆਨ ਨੂੰ ਦੇਖ ਸਕਦੇ ਹੋ: https://aimamed.com.au/feature-content/

## ਜੇ COVID-19 ਵੈਕਸੀਨਾਂ ਬਾਰੇ ਮੇਰੇ ਕੋਈ ਸਵਾਲ ਹਨ, ਤਾਂ ਮੈਂ ਕਿਸ ਨਾਲ ਸੰਪਰਕ ਕਰ ਸਕਦਾ ਹਾਂ?

ਜੇ ਤੁਸੀਂ COVID-19 ਵੈਕਸੀਨਾਂ ਬਾਰੇ ਕਿਸੇ ਨਾਲ ਗੱਲ ਕਰਨੀ ਚਾਹੁੰਦੇ ਹੋ, ਤਾਂ ਰਾਸ਼ਟਰੀ ਕਰੋਨਾ-ਵਾਇਰਸ ਸਹਾਇਤਾ ਲਾਈਨ ਨੂੰ 1800 020 080 ਉੱਤੇ ਫੋਨ ਕਰੋ। ਹੌਟਲਾਈਨ ਹਰ ਦਿਨ 24 ਘੰਟੇ ਉਪਲਬਧ ਹੈ। ਦੁਭਾਸ਼ੀਆ ਸੇਵਾ ਵਾਸਤੇ, 131 450 ਉੱਤੇ ਫ਼ੋਨ ਕਰੋ।

ਤੁਸੀਂ ਸਿਹਤ ਵਿਭਾਗ ਦੀ ਵੈੱਬਸਾਈਟ www.health.gov.au/covid19-vaccines-languages ਉੱਤੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ, ਜਿੱਥੇ ਇਹ ਜਾਣਕਾਰੀ 63 ਭਾਸ਼ਾਵਾਂ ਵਿੱਚ ਉਪਲਬਧ ਹੈ।

ਤੁਸੀਂ ਆਪਣੇ ਡਾਕਟਰ ਜਾਂ ਸਥਾਨਕ ਸਿਹਤ-ਸੰਭਾਲ ਪੇਸ਼ੇਵਰ ਨਾਲ ਵੀ ਗੱਲ ਕਰ ਸਕਦੇ ਹੋ।

ਭਰੋਸੇਯੋਗ ਅਤੇ ਅਧਿਕਾਰਤ ਸਰੋਤਾਂ ਜਿਵੇਂ ਕਿ ਸਿਹਤ ਵਿਭਾਗ ਜਾਂ ਥਰੈਪਿਊਟਿਕ ਗੁਡਜ਼ ਐਡਮਿਨਿਸਟਰੇਸ਼ਨ ਤੋਂ ਸੂਚਨਾ ਪ੍ਰਾਪਤ ਕਰਨਾ ਮਹੱਤਵਪੂਰਣ ਹੈ।